# ਰੋਟਾਵਾਇਰਸ

ਟੀਕਾਕਰਨ ਸੰਬੰਧੀ ਜਾਣਕਾਰੀ

## ਰੋਟਾਵਾਇਰਸ

ਰੋਟਾਵਾਇਰਸ ਤੋਂ ਗੈਸਟ੍ਰੋਐਂਟਰਾਈਟਿਸ ਦਾ ਇਕ ਗੰਭੀਰ ਸੰਕ੍ਰਾਮਕ ਪ੍ਰਕਾਰ ਪੈਦਾ ਹੁੰਦਾ ਹੈ। ਕੁੱਝ ਲੋਕਾਂ ਵਿੱਚ ਇਸਦੇ ਕੋਈ ਲੱਛਣ ਸਾਹਮਣੇ ਨਹੀਂ ਆਉਂਦੇ ਹਨ, ਪਰ ਬਹੁਤ ਛੋਟੇ ਬੱਚੀਆਂ ਵਿੱਚ ਸਧਾਰਨ ਦਸਤ ਤੋਂ ਲੈ ਕੇ ਸਰੀਰ ਵਿੱਚ ਪਾਣੀ ਦੀ ਕਮੀ ਪੈਦਾ ਕਰਨ ਵਾਲੇ ਜਾਨਲੇਵਾ ਦਸਤ ਤੱਕ ਵੱਖਰੇ ਪ੍ਰਕਾਰ ਦੇ ਗੰਭੀਰ ਲੱਛਣ ਵਿਕਸਿਤ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ, ਜਿਸਦੇ ਲਈ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਾਉਣਾ ਜਰੂਰੀ ਹੁੰਦਾ ਹੈ ਅਤੇ ਇਸਤੋਂ ਮੌਤ ਵੀ ਹੋ ਸਕਦੀ ਹੈ।

ਰਾਸ਼ਟੀ ਰੋਟਾਵਾਇਰਸ ਟੀਕਾਕਰਨ ਪ੍ਰੋਗ੍ਰਾਮ ਦੀ ਸ਼ੁਰੂਆਤ 2007 ਵਿੱਚ ਹੋਈ ਸੀ ਅਤੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਹਸਤਪਾਲ ਵਿੱਚ ਭਰਤੀ ਕਰਾਉਣ ਦੀਆਂ ਘਟਨਾਵਾਂ ਪ੍ਰਤੀ ਸਾਲ 7000 ਦੀ ਸੰਖਿਆ ਨਾਲ ਘੱਟੀਆਂ ਹਨ। ਜਿਨ੍ਹਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣਾ ਪੈਂਦਾ ਹੈ, ਉਹ ਆਮ-ਤੌਰ 'ਤੇ ਘੱਟ ਗੰਭੀਰ ਰੂਪ ਨਾਲ ਪ੍ਰਭਾਵਿਤ ਹੋਏ ਹੁੰਦੇ ਹਨ।

ਤੁਸੀ ਟੀਕਾਕਰਨ ਦੁਆਰਾ ਆਪਣੇ ਬੱਚੇ ਦੇ ਰੋਟਾਵਾਇਰਸ ਦੀ ਛੂਤ ਦੇ ਖਤਰੇ ਨੂੰ ਘੱਟ ਕਰ ਸੱਕਦੇ ਹੋ। ਸਾਰੇ ਬੱਚੀਆਂ ਨੂੰ ਟੀਕਾ ਲਗਾਇਆ ਜਾਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੂੰ ਟੀਕਾ ਨਹੀਂ ਲਗਾਇਆ ਜਾਂਦਾ ਹੈ, ਤਾਂ ਜੇਕਰ ਉਨ੍ਹਾਂ ਦੇ ਭੋਜਨ, ਪਾਣੀ ਜਾਂ ਹੱਥ ਕਿਸੇ ਸੰਕ੍ਰਮਿਤ ਵਿਅਕਤੀ ਦੇ ਮਲ ਨਾਲ ਸੰਦੂਸ਼ਿਤ ਹੁੰਦੇ ਹਨ ਤਾਂ ਉਹ ਰੋਟਾਵਾਇਰਸ ਨਾਲ ਪੀੜਿਤ ਹੋਏ ਹੋ ਸੱਕਦੇ ਹਨ।

ਟੀਕੇ ਤੋਂ ਗੰਭੀਰ ਬੁਰੇ ਪ੍ਰਭਾਵ ਜਾਂ ਐਲਰਜੀ ਸੰਬੰਧੀ ਪ੍ਰਤੀਕ੍ਰਿਆਵਾਂ ਹੋਣੀਆਂ ਦੁਰਲਭ ਹਨ। ਜੇਕਰ ਤੁਹਾਨੂੰ ਇਹ ਚਿੰਤਾ ਹੈ ਕਿ ਤੁਹਾਡੀ ਔਲਾਦ ਨੂੰ ਕੋਈ ਪ੍ਰਤੀਕ੍ਰਿਆ ਹੋਈ ਹੈ, ਤਾਂ ਤੁਰੰਤ ਹੀ ਆਪਣੇ ਡਾਕਟਰ ਨੂੰ ਵਿਖਾਓ।

### ਰੋਟਾਵਾਇਰਸ ਦੇ ਖਿਲਾਫ ਟੀਕਾਕਰਨ

ਰੋਟਾਵਾਇਰਸ ਦੇ ਖਿਲਾਫ ਟੀਕਾਕਰਨ ਨੇਸ਼ਨਲ ਇੰਮਿਉਨਾਇਜੇਸ਼ਨ ਪ੍ਰੋਗ੍ਰਾਮ (ਰਾਸ਼ਟਰੀ ਟੀਕਾਕਰਨ ਪ੍ਰੋਗ੍ਰਾਮ) ਸ਼ੇਡਿਊਲ ਅਧੀਨ ਮੁਫਤ ਉਪਲੱਬਧ ਹੈ। ਵਿਕਟੋਰੀਆ ਵਿੱਚ, ਰੋਟਾਵਾਇਰਸ ਦੇ ਖਿਲਾਫ ਟੀਕਾਕਰਨ ਬੱਚੀਆਂ ਲਈ ਮੁਫਤ ਹੈ, ਅਤੇ ਇਸਨੂੰ ਦੋ ਅਤੇ ਚਾਰ ਮਹੀਨੇ ਦੀ ਉਮਰ ਤੇ ਮੂੰਹ ਦੇ ਰਸਤੇ ਦਿੱਤਾ ਜਾਂਦਾ ਹੈ। ਪਹਿਲੀ ਖੁਰਾਕ ਬੱਚਿਆਂ ਦੇ 14 ਹਫਤੇ ਅਤੇ ਛੇ ਦਿਨ ਦੇ ਹੋਣ ਤੇ ਅਤੇ ਦੂਜੀ ਖੁਰਾਕ ਬੱਚਿਆਂ ਦੇ 24 ਹਫਤੇ ਅਤੇ ਛੇ ਦਿਨ ਦੇ ਹੋਣ ਤੇ ਦਿੱਤੀ ਜਾਣੀ ਚਾਹੀਦੀ ਹੈ।

ਟੀਕਾ ਦਸਤ ਦੇ ਹੋਰ ਪ੍ਰਕਾਰਾਂ ਤੋ ਸੁਰੱਖਿਆ ਪ੍ਰਦਾਨ ਨਹੀਂ ਕਰਦਾ ਹੈ, ਪਰ ਇਹ ਰੋਟਾਵਾਇਰਸ ਦੁਆਰਾ ਪੈਦਾ ਹੋਣ ਵਾਲੇ ਜਾਨਲੇਵਾ ਦਸਤ ਦੇ ਖਤਰੇ ਨੂੰ ਘੱਟ ਕਰਦਾ ਹੈ।

### ਟੀਕਾਕਰਨ ਤੋਂ ਪਹਿਲਾਂ ਦੀ ਜਾਂਚ-ਸੂਚੀ

ਟੀਕਾ ਲਗਵਾਉਣ ਤੋਂ ਪਹਿਲਾਂ, ਜੇਕਰ ਤੁਹਾਡੇ ਬੱਚੇ ਉੱਤੇ ਹੇਠਾਂ ਦਿੱਤੀ ਕੋਈ ਸਥਿਤੀ ਲਾਗੂ ਹੁੰਦੀ ਹੈ, ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ:

- ਉਹ ਦੋਹਾਂ ਵਿਚੋਂ ਕਿਸੇ ਇੱਕ ਖੁਰਾਕ ਲਈ ਸੁਝਾਈ ਉਮਰ ਤੋਂ ਵੱਡਾ ਹੈ
- ਉਹ ਬੀਮਾਰ ਹੈ (38.5°C ਤੋਂ ਤੇਜ਼ ਬੁਖਾਰ)
- ਉਸਨੂੰ ਕਿਸੇ ਟੀਕੇ ਨਾਲ ਗੰਭੀਰ ਪ੍ਰਤੀਕ੍ਰਿਆ ਹੋ ਚੁੱਕੀ ਹੈ
- ਉਸਨੂੰ ਕਿਸੇ ਚੀਜ਼ ਤੋਂ ਗੰਭੀਰ ਐਲਰਜੀ ਹੋ ਚੁੱਕੀ ਹੈ
- ਉਹ ਇੰਟੱਸਸੇਪਸ਼ਨ ਤੋਂ ਪੀੜਿਤ ਰਹਿ ਚੁੱਕੀਆ ਹੈ ਜਾਂ ਕਿਸੇ ਜਨਮਜਾਤ ਅਸਮਾਨਤਾ ਤੋਂ ਪੀੜਿਤ ਰਹਿ ਚੁੱਕੀਆ ਹੈ ਜਿਸਨਾਲ ਇੰਟੱਸਸੇਪਸ਼ਨ ਹੋ ਸਕਦੀ ਹੈ
- ਉਹ ਸਟੀਰੌਇਡ ਦਵਾਈ ਦਾ ਇਸਤੇਮਾਲ ਕਰ ਰਿਹਾ ਹੈ
- ਉਸਨੂੰ ਖੂਨ ਚੜਾਇਆ ਜਾ ਰਿਹਾ ਹੈ ਜਾਂ ਬਲਡ ਪ੍ਰਾਡਕਟ ਦਿੱਤੇ ਜਾ ਰਹੇ ਹਨ
- ਇਮਿਊਨਿਟੀ ਸਿਸਟਮ ਦੀ ਕਮੀ, ਅਸਮਾਨ ਖੂਨ ਸੰਬੰਧੀ ਸਮੱਸਿਆਵਾਂ ਜਾਂ ਵਿਕਾਰਾਂ, ਕੈਂਸਰ, HIV ਜਾਂ ਕੁਝ ਨਿਸ਼ਚਿਤ ਤਰ੍ਹਾਂ ਦੀਆਂ ਦਵਾਈਆਂ ਕਾਰਨ ਉਸਦੀ ਇਮਿਊਨਿਟੀ ਘੱਟ ਹੋ ਗਈ ਹੋਵੇ
- ਜੇਕਰ ਤੁਹਾਡੇ ਘਰ ਵਿੱਚ ਕਿਸੇ ਵਿਅਕਤੀ ਦੀ ਇਮਿਊਨਿਟੀ ਘੱਟ ਹੋ ਗਈ ਹੋਵੇ।

### ਰੋਟਾਵਾਇਰਸ ਟੀਕੇ ਦੇ ਬੁਰੇ ਪ੍ਰਭਾਵ

ਰੋਟਾਵਾਇਰਸ ਦੇ ਖਿਲਾਫ ਟੀਕਾ ਕਾਰਗਰ ਅਤੇ ਸੁਰੱਖਿਅਤ ਹੈ ਹਾਲਾਂਕਿ ਸਾਰੀਆਂ ਦਵਾਈਆਂ ਦੇ ਅਣਚਾਹੇ ਬੁਰੇ ਪ੍ਰਭਾਵ ਹੋ ਸਕਦੇ ਹਨ।

VICTORIA State Government
Health and Human Services

ਬੁਰੇ ਪ੍ਰਭਾਵਾਂ ਵਿੱਚ ਹੇਠਾਂ ਦਿੱਤੇ ਬੁਰੇ ਪ੍ਰਭਾਵ ਸ਼ਾਮਲ ਹੋ ਸਕਦੇ ਹਨ:

- ਟੀਕਾ ਲਗਵਾਉਣ ਬਾਅਦ ਕੁਝ ਬੱਚਿਆਂ ਦੇ ਮਲ ਵਿੱਚ ਰੋਟਾਵਾਇਰਸ ਮੌਜੂਦ ਹੋ ਸਕਦਾ ਹੈ – ਨੈਪੀ ਬਦਲਣ ਬਾਅਦ ਚੰਗੇ ਤਰੀਕੇ ਨਾਲ ਹੱਥ ਧੋਣ ਦਾ ਸੁਝਾਅ ਦਿੱਤਾ ਜਾਂਦਾ ਹੈ ਅਤੇ ਘੱਟ ਇਮਿਊਨਿਟੀ ਵਾਲੇ ਲੋਕਾਂ ਨੂੰ ਗੰਦੀਆਂ ਨੈਪੀਆਂ ਨੂੰ ਹੱਥ ਲਗਾਉਣ ਤੋਂ ਬਚਾਓ ਕਰਨਾ ਚਾਹੀਦਾ ਹੈ।

## ਟੀਕਾਕਰਨ ਦੇ ਦੁਰਲਭ ਬੁਰੇ ਪ੍ਰਭਾਵ

ਕਿਸੇ ਟੀਕੇ ਤੋਂ ਗੰਭੀਰ ਐਲਰਜੀ ਸਬੰਧੀ ਪ੍ਰਤੀਕਿਰਿਆ ਹੋਣ ਦਾ ਬਹੁਤ ਛੋਟਾ ਖ਼ਤਰਾ ਹੁੰਦਾ ਹੈ। ਇਸਲਈ ਤੁਹਾਨੂੰ ਟੀਕਾਕਰਨ ਦੇ ਬਾਦ ਘੱਟੋ ਘੱਟ 15 ਮਿੰਟ ਲਈ ਕਲੀਨਿਕ ਜਾਂ ਮੈਡੀਕਲ ਸਰਜਰੀ ਵਿੱਚ ਠਹਿਰਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂਜੋ ਅੱਗੇ ਇਲਾਜ ਦੀ ਲੋੜ ਪੈਣ ਤੇ ਤੁਹਾਨੂੰ ਇਹ ਦਿੱਤਾ ਜਾ ਸਕੇ।

ਇੰਟੱਸਸੇਪਸ਼ਨ (ਇੱਕ ਅਜਿਹੀ ਰੁਕਾਵਟ ਜੋ ਅੰਤੜੀ ਦੇ ਇੱਕ ਭਾਗ ਦੇ ਟੇਲੀਸਕੋਪ ਦੇ ਟੁਕੜੀਆਂ ਦੇ ਸਮਾਨ ਅੰਤੜੀ ਦੇ ਦੂਜੇ ਭਾਗ ਵਿੱਚ ਸਰਕਣ ਕਾਰਨ ਹੁੰਦੀ ਹੈ) ਬੱਚੀਆਂ ਨੂੰ ਰੋਟਾਵਾਇਰਸ ਟੀਕੇ ਦੀ ਪਹਿਲੀ ਜਾਂ ਦੂਜੀ ਖੁਰਾਕ ਦਿੱਤੇ ਜਾਣ ਦੇ ਬਾਦ ਦੇ ਤਿੰਨ ਹਫਤਿਆਂ ਵਿੱਚ ਹੋ ਸਕਦੀ ਹੈ (ਖਾਸੇ ਮਾਮਲੀਆਂ ਵਿੱਚ)। ਜੇਕਰ ਕੋਈ ਬੱਚਾ ਇੰਟੱਸਸੇਪਸ਼ਨ ਨਾਲ ਪੀੜਿਤ ਹੈ, ਤਾਂ ਇਸਦੇ ਲੱਛਣਾਂ ਵਿੱਚ ਹੇਠਾਂ ਲਿੱਖੇ ਲੱਛਣ ਸ਼ਾਮਿਲ ਹੋ ਸੱਕਦੇ ਹਨ:

- ਵਾਰ-ਵਾਰ ਰੋਣਾ
- ਰੰਗ ਪੀਲਾ ਪੈ ਜਾਣਾ
- ਆਪਣੀਆਂ ਟੰਗਾਂ ਆਪਣੇ ਢਿੱਡ ਵੱਲ ਖਿੱਚਣਾ।

ਔਸਟ੍ਰੇਲੀਆ ਅਤੇ ਵਿਦੇਸ਼ ਵਿੱਚ ਹਾਲ ਹੀ ਵਿੱਚ ਕੀਤੀ ਖੋਜ ਇਹ ਦਰਸਾਉਂਦੀ ਹੈ ਕਿ ਰੋਟਾਵਾਇਰਸ ਟੀਕੇ ਦੀ ਪਹਿਲੀ ਅਤੇ ਦੂਜੀ ਖੁਰਾਕ ਪ੍ਰਾਪਤ ਕਰਨ ਦੇ ਬਾਅਦ ਦੇ ਪਹਿਲੇ ਤਿੰਨ ਹਫਤਿਆਂ ਵਿੱਚ ਬੱਚੀਆਂ ਵਿੱਚ ਇੰਟੱਸਸੇਪਸ਼ਨ ਦਾ ਖ਼ਤਰਾ ਥੋੜ੍ਹਾ ਵੱਧ ਹੁੰਦਾ ਹੈ। ਖਤਰਾ ਟੀਕਾ ਲਗਵਾਉਣ ਵਾਲੇ ਹਰੇਕ 1,00,000 ਬੱਚੀਆਂ ਵਿੱਚੋਂ ਇੰਟੱਸਸੇਪਸ਼ਨ ਦੇ ਲਗਭਗ ਛੇ ਅਤਿਰਿਕਤ ਮਾਮਲੀਆਂ ਦੇ ਹੋਣ ਜਾਂ ਔਸਟ੍ਰੇਲੀਆ ਵਿੱਚ 14 ਅਤਿਰਿਕਤ ਬੱਚੀਆਂ ਦੇ ਇੰਟੱਸਸੇਪਸ਼ਨ ਨਾਲ ਪੀੜਿਤ ਹੋਣ ਦਾ ਹੁੰਦਾ ਹੈ।

## ਮਦਦ ਕਿੱਥੋਂ ਲਵੋ

- ਤੁਹਾਡਾ ਡਾਕਟਰ
- ਤੁਹਾਡੀ ਸਥਾਨਕ ਸਰਕਾਰੀ ਸੇਵਾ
- Better Health Channel https://www.betterhealth.vic.gov.au/health/healthyliving/rotavirus-immunisation

ਇਸ ਪ੍ਰਕਾਸ਼ਨ ਨੂੰ ਸੁਲਭ ਫਾਰਮੇਟ ਵਿੱਚ ਪ੍ਰਾਪਤ ਕਰਨ ਲਈ 1300 882 008 ਤੇ ਫੋਨ ਕਰੋ, ਜੇਕਰ ਜ਼ਰੂਰੀ ਹੋਵੇ ਤਾਂ ਨੇਸ਼ਨਲ ਰਿਲੇ ਸੇਵਾ ਨੂੰ 13 36 77 ਤੇ ਫੋਨ ਕਰੋ, ਜਾਂ immunisation@dhhs.vic.gov.au ਤੇ ਈ-ਮੇਲ ਕਰੋ

ਵਿਕਟੋਰੀਆਈ ਸਰਕਾਰ, 1 Treasury Place, Melbourne ਤੋਂ ਅਧਿਕਾਰ-ਪ੍ਰਾਪਤ ਅਤੇ ਪ੍ਰਕਾਸ਼ਿਤ।

© ਵਿਕਟੋਰੀਆਈ ਰਾਜ, ਸਿਹਤ ਅਤੇ ਮਾਨਵ ਸੇਵਾ ਵਿਭਾਗ (Department of Health and Human Services) ਜੂਨ 2017।